CHILDREN'S AID SOCIETY of TORONTO

LA SOCIÉTÉ DE L'AIDE à L'ENFANCE DE TORONTO

ਘਰ ਵਿੱਚ ਇਕੱਲੇ

ਤੁਹਾਨੂੰ ਕਿਵੇਂ ਪਤਾ ਲਗਦਾ ਹੈ ਕਦੋਂ ਤੁਹਾਡੇ ਬੱਚਿਆਂ ਨੂੰ ਨਿਗਰਾਨੀ ਤੋਂ ਬਿਨਾਂ ਛੱਡਿਆ ਸਕਦਾ ਹੈ ?

ਤੁਹਾਡਾ ਛੇ ਸਾਲ ਦਾ ਬੱਚਾ ਬੁਰੇ ਸੁਪਨੇ ਦੇਖਦੇ ਹੋਏ ਜਾਗ ਜਾਂਦਾ ਹੈ। ਤੁਰ ਕੇ ਤੁਹਾਡੇ ਕਮਰੇ ਵਿੱਚ ਆਕੇ, ਉਹ ਦੇਖਦਾ ਹੈ ਕਿ ਤੁਸੀਂ ਉਥੇ ਨਹੀਂ ਹੋ। ਵਿਅਰਥ ਹੀ ਘਰ ਦੀ ਤਲਾਸ਼ੀ ਲੈਂਦੇ ਹੋਏ, ਉਸ ਨੂੰ ਸਮਝ ਆਉਂਦੀ ਹੈ ਕਿ ਉਹ ਘਰ ਵਿੱਚ ਇਕੱਲਾ ਹੈ। ਅਤੇ ਫਿਲਮ ਤੋਂ ਉਲਟ, ਇਸ ਬਾਰੇ ਕੁਝ ਵੀ ਹਾਸੇ ਭਰਿਆ ਨਹੀਂ ਹੈ।

ਇੱਕ ਬੱਚੇ ਨੂੰ ਨਿਗਰਾਨੀ ਤੋਂ ਬਿਨਾਂ ਛੱਡਣਾ ਖਤਰਨਾਕ ਹੈ। ਇਸ ਦਾ ਨਤੀਜਾ ਕੋਈ ਮੁਸੀਬਤ ਹੋ ਸਕਦਾ ਹੈ ਅਤੇ ਇਹ ਕਾਨੂੰਨ ਦੇ ਖਿਲਾਫ ਹੈ। ਹਾਲਾਂਕਿ ਕਾਨੂੰਨੀ ਸ਼ਬਦ ਤਿਆਗ (abandonment) ਦਾ ਮਤਲਬ ਵਾਪਸ ਨਾ ਆਉਣ ਦੀ ਮਨਸ਼ਾ ਦੇ ਨਾਲ ਬੱਚੇ ਨੂੰ ਛੱਡ ਕੇ ਜਾਣਾ ਸਮਝਿਆ ਜਾਂਦਾ ਹੈ, ਮਾਤਾ-ਪਿਤਾ ਲਈ ਉਨ੍ਹਾਂ ਦੇ ਬੱਚਿਆਂ ਨੂੰ ਸਮੇਂ ਦੀਆਂ ਛੋਟੀਆਂ ਮਿਆਦਾਂ ਲਈ ਇਕੱਲੇ ਛੱਡਣਾ ਜਿਆਦਾ ਆਮ ਹੈ।

ਓਨਟਾਰਿਓ ਵਿੱਚ ਅਜਿਹਾ ਕੋਈ ਵੀ ਕਾਨੂੰਨ ਨਹੀ ਹੈ ਜੋ ਉਸ ਖਾਸ ਉਮਰ ਬਾਰੇ ਆਦੇਸ਼ ਦਿੰਦਾ ਹੈ ਜਿਸ ਤੇ ਇੱਕ ਬੱਚੇ ਨੂੰ ਨਿਗਰਾਨੀ ਤੋਂ ਬਿਨਾਂ ਛੱਡਿਆ ਜਾ ਸਕਦਾ ਹੈ। ਕਾਨੂੰਨ ਖਾਸ ਉਮਰ ਚੁਣਨ ਬਾਰੇ ਜਾਣਬੁੱਝ ਕੇ ਅਸਪਸ਼ਟ ਹੈ, ਕਿਉਂਕਿ ਧਿਆਨ ਵਿੱਚ ਰੱਖੇ ਜਾਣ ਵਾਲੇ ਕਈ ਸਾਰੇ ਕਾਰਕ ਹਨ। ਗਿਆਰ੍ਹਾਂ ਸਾਲ ਦਾ ਇਕ ਬੱਚਾ ਇਕੱਲੇ ਛੱਡੇ ਜਾਣ ਬਾਰੇ ਸੁਖਾਵਾਂ ਮਹਿਸੂਸ ਕਰ ਸਕਦਾ ਹੈ ਅਤੇ ਉਸ ਨੂੰ ਪਤਾ ਹੈ ਕਿ ਐਮਰਜੈਂਸੀ ਦੀ ਸੂਰਤ ਵਿੱਚ ਕੀ ਕਰਨਾ ਹੈ ਜਦੋਂ ਕਿ ਗਿਆਰ੍ਹਾਂ ਸਾਲ ਦਾ ਇੱਕ ਹੋਰ ਬੱਚਾ ਘਬਰਾਇਆ ਹੋਇਆ ਅਤੇ ਆਪਣੇ ਬਾਰੇ ਅਨਿਸ਼ਚਿਤ ਮਹਿਸੂਸ ਕਰ ਸਕਦਾ ਹੈ।

ਬੱਚਿਆਂ ਨੂੰ ਪਹਿਲੀ ਵਾਰੀ ਇਕੱਲਾ ਛੱਡਣ ਵੇਲੇ, ਮਾਤਾ-ਪਿਤਾ ਨੂੰ ਉਨ੍ਹਾਂ ਨਾਲ ਇਹ ਦੇਖਣ ਲਈ ਗੱਲ ਕਰਨੀ ਚਾਹੀਦੀ ਹੈ ਜੇਕਰ ਉਹ ਇਕੱਲੇ ਰਹਿਣ ਵਿੱਚ ਸੁਖਾਵਾਂ ਮਹਿਸੂਸ ਕਰਦੇ ਹਨ। ਆਪਣੇ ਬੱਚੇ ਨੂੰ ਦੱਸੋ ਕਿ ਤੁਸੀਂ ਕਿਥੇ ਜਾ ਰਹੇ ਹੋ, ਅਤੇ ਸਪਸ਼ਟ ਕਰੋ ਕਿ ਤੁਸੀਂ ਕਿੰਨੀ ਦੇਰ ਲਈ ਜਾ ਰਹੇ ਹੋ। ਯਕੀਨੀ ਬਣਾਓ ਕਿ ਬੱਚਾ ਇਕੱਲੇ ਛੱਡੇ ਜਾਣ ਲਈ ਭਾਵਾਤਮਕ ਅਤੇ ਸਰੀਰਕ ਰੂਪ ਨਾਲ ਤਿਆਰ ਹੈ।

ਬੱਚਿਆ ਦੇ ਜੀਵਨਾਂ ਲਈ ਖਤਰਾ ਬਣਨ ਵਾਲੇ ਸੰਭਾਵੀ ਘਰੇਲੂ ਖਤਰੇ ਹਰ ਪਾਸੇ ਹਨ। ਉਹ ਰਸੋਈ, ਗੁਸਲਖਾਨੇ ਅਤੇ ਖੇਡਣ ਵਾਲੇ ਕਮਰੇ ਵਿੱਚ ਘਾਤ ਵਿੱਚ ਬੈਠੇ ਹਨ। ਉਹ ਵੱਖ ਵੱਖ ਆਕਾਰਾਂ, ਰੰਗਾਂ ਅਤੇ ਮਾਪਾਂ ਦੇ ਹੁੰਦੇ ਹਨ, ਅਤੇ ਮਾਤਾ-ਪਿਤਾ ਦੇ ਘਰ ਵਿੱਚ ਹੁੰਦੇ ਹੋਏ ਵੀ ਚੁਪਚੁਪੀਤੇ ਬੱਚਿਆਂ ਤੱਕ ਪਹੁੰਚ ਸਕਦੇ ਹਨ। ਇਹ ਖਤਰੇ ਜਹਰੀਲੇ ਪਦਾਰਥ, ਨਿਗਰਾਨੀ ਤੋਂ ਬਿਨਾਂ ਪੌੜੀਆਂ, ਜਾਂ ਖੁੱਲੇ ਦਰਵਾਜ਼ਿਆਂ ਜਾਂ ਖਿੜਕੀਆਂ ਕਰਕੇ ਪਹੁੰਚਣਯੋਗ ਬਣਾ ਦਿੱਤੀਆਂ ਗਈਆਂ ਬੈਲਕਨੀਆਂ ਹੋ ਸਕਦੇ ਹਨ। ਬੱਚੇ, ਖਾਸ ਕਰਕੇ ਬਹੁਤ ਛੋਟੇ ਬੱਚੇ ਆਪਣੇ ਆਪ ਨੂੰ ਖਤਰਨਾਕ ਸਥਿਤੀਆਂ ਤੋਂ ਹਟਾ ਨਹੀਂ ਸਕਦੇ। ਅਸਲ ਵਿੱਚ, ਜੇ ਬੱਚੇ ਆਪਣੇ ਆਪ ਨੂੰ ਖਤਰੇ ਤੋਂ ਹਟਾ ਸਕਦੇ ਹਨ, ਤਾਂ ਵੀ ਸੰਭਵ ਹੈ ਕਿ ਉਹ ਇਹ ਨਾ ਸਮਝਣ ਕਿ ਕਦੋਂ ਕੁਝ ਖਤਰੇ ਦਾ ਕਾਰਣ ਹੋ ਸਕਦਾ ਹੈ, ਅਤੇ ਇਸ ਕਰਕੇ ਮਾਤਾ-ਪਿਤਾ ਲਈ ਉਨ੍ਹਾਂ ਦੇ ਬੱਚੇ ਦੇ ਵਿਕਾਸ ਵਲ ਜਿਆਦਾ ਧਿਆਨ ਦੇਣਾ ਮਹੱਤਵਪੂਰਨ ਹੈ।

ਜਦੋਂ ਮਾਤਾ-ਪਿਤਾ ਫੈਸਲਾ ਕਰਦੇ ਹਨ ਕਿ ਬੱਚੇ ਨਿਗਰਾਨੀ ਦੇ ਬਿਨਾਂ ਛੱਡੇ ਜਾ ਸਕਣ ਲਈ ਕਾਫੀ ਸਿਆਣੇ ਅਤੇ ਜ਼ਿੰਮੇਵਾਰ ਹਨ, ਤਾਂ ਉਸ ਫੈਸਲੇ ਦੇ ਨਾਲ ਇੱਕ ਸੁਰੱਖਿਆ ਯੋਜਨਾ ਹੋਣੀ ਚਾਹੀਦੀ ਹੈ, ਤਾਂ ਕਿ ਜਦੋਂ ਬੱਚੇ ਘਰ ਵਿੱਚ ਇਕੱਲੇ ਹੋਣ ਤਾਂ ਉਨ੍ਹਾਂ ਨੂੰ ਪਤਾ ਹੋਏ ਕਿ ਵੱਖ ਵੱਖ ਸਥਿਤੀਆਂ ਵਿੱਚ ਕਿਵੇਂ ਪ੍ਰਤਿਕਿਰਿਆ ਕਰਨੀ ਹੈ। ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਫੋਨ ਤੇ 911 ਕਿਵੇਂ ਮਿਲਾਉਣਾ ਹੈ, ਅਤੇ ਅੱਗ ਲਗਣ ਦੀ ਸੂਰਤ ਵਿੱਚ ਕੀ ਕਰਨਾ ਹੈ। ਬੱਚਿਆਂ ਨੂੰ ਦਰਵਾਜ਼ੇ ਤੇ ਜਵਾਬ ਨਹੀਂ ਦੇਣਾ ਚਾਹੀਦਾ ਅਤੇ ਜੇ ਕੋਈ ਫੋਨ ਕਰਦਾ ਹੈ, ਤਾਂ ਇਹ ਕਹਿਣਾ ਸਮਝਦਾਰੀ ਹੈ ਕਿ ਉਨ੍ਹਾਂ ਦੀ ਮਾਤਾ ਜਾਂ ਉਨ੍ਹਾਂ ਦੇ ਪਿਤਾ ਨਹਾ ਰਹੇ ਹਨ ਜਾਂ ਉਸ ਵੇਲੇ ਉਪਲਬਧ ਨਹੀਂ ਹਨ। ਇਹ ਬੱਚਿਆਂ ਨੂੰ ਸਿਖਾਉਣ ਲਈ ਸਰਲ ਤਰਕੀਬਾਂ ਹਨ, ਪਰ ਬਹੁਤ ਉਪਯੋਗੀ ਸਾਬਤ ਹੋ ਸਕਦੀਆਂ ਹਨ। ਜੇ ਮਾਤਾ-ਪਿਤਾ ਦੇ ਘਰ ਨਾ ਰਹਿਣ ਵੇਲੇ ਕੋਈ ਬੱਚਿਆਂ ਦੇ ਨਾਲ ਨਹੀਂ ਰਹਿ ਸਕਦਾ, ਤਾਂ ਗੁਆਂਢੀ ਘਰ ਤੇ ਨਜਰ ਰੱਖ ਕੇ ਸਹਾਇਤਾ ਕਰ ਸਕਦੇ ਹਨ, ਅਤੇ ਮਾਤਾ-ਪਿਤਾ ਨੂੰ ਹਮੇਸ਼ਾ ਅਜਿਹਾ ਫੋਨ ਨੰਬਰ ਛੱਡਣਾ ਚਾਹੀਦਾ ਹੈ ਜਿਥੇ ਐਮਰਜੈਂਸੀ ਦੇ ਸੂਰਤ ਵਿੱਚ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕੇ।

ਸੰਦੇਹੀ ਵਿਵਹਾਰ ਦੇ ਪੰਜ ਨਮੂਨੇ

ਬੱਚਿਆਂ ਨੂੰ ਨਿਗਰਾਨੀ ਤੋਂ ਬਿਨਾਂ ਛੱਡਣ ਵਾਲੇ ਮਾਤਾ-ਪਿਤਾ ਉਨ੍ਹਾਂ ਦਾ ਫੈਸਲਾ ਉਨ੍ਹਾਂ ਦੇ ਆਪਣੇ ਬੱਚਿਆਂ ਦੇ ਸਿਆਣਪੁਣੇ ਦੇ ਸਤਰ ਤੇ ਅਧਾਰਤ ਕਰਦੇ ਹਨ, ਅਤੇ ਉਨ੍ਹਾਂ ਲਈ ਇਹ ਯਕੀਨੀ ਬਣਾਉਣਾ ਜਰੂਰੀ ਹੈ ਕਿ ਉਨ੍ਹਾਂ ਦੇ ਬੱਚੇ ਸੁਰੱਖਿਅਤ ਰਹਿਣਗੇ। ਜੇ ਉਨ੍ਹਾਂ ਨੂੰ ਕਿਸੇ ਚਿਲਡਰਨਜ਼ ਏਡ ਸੁਸਾਇਟੀ (ਸੀਏਐਸ) ਕੋਲ ਭੇਜਿਆ ਜਾਂਦਾ ਹੈ ਅਤੇ ਜੇ ਪੁਲਿਸ ਮੰਨਦੀ ਹੈ ਕਿ ਬੱਚਿਆਂ ਨੂੰ ਇਕੱਲੇ ਨਹੀਂ ਛੱਡਿਆ ਜਾਣਾ ਚਾਹੀਦਾ ਸੀ, ਤਾਂ ਉਨ੍ਹਾਂ ਨੂੰ ਤਿਆਗ (abandonment) ਦਾ ਦੋਸ਼ੀ ਮੰਨ ਕੇ ਉਨ੍ਹਾਂ ਨੂੰ ਚਾਰਜ ਕੀਤਾ ਜਾ ਸਕਦਾ ਹੈ।

ਹੋਰ...

(...ਅਗੇ ਜਾਰੀ)

ਘਰ ਵਿੱਚ ਇਕੱਲੇ

ਜੇ ਸੀਏਐਸ (CAS) ਨੂੰ ਛਾਣਬੀਣ ਕਰਨ ਲਈ ਬੁਲਾਇਆ ਜਾਂਦਾ ਹੈ, ਤਾਂ ਬੱਚਿਆਂ ਦੀ ਸੁਰੱਖਿਆ ਕਰਨ ਵਾਲੇ ਕਰਮਚਾਰੀ (child protection workers) ਨਮੂਨੇ ਲੱਭਦੇ ਹਨ:

ਕੀ ਮਾਤਾ ਜਾਂ ਪਿਤਾ ਨੇ ਅਤੀਤ ਵਿੱਚ ਬੱਚਿਆਂ ਨੂੰ ਨਿਗਰਾਨੀ ਤੋਂ ਬਿਨਾਂ ਛੱਡਿਆ ਹੈ?

ਕੀ ਮਾਤਾ ਜਾਂ ਪਿਤਾ ਦੀ ਭਵਿੱਖ ਵਿੱਚ ਬੱਚੇ ਨੂੰ ਨਿਗਰਾਨੀ ਤੋਂ ਬਿਨਾਂ ਛੱਡਣ ਦੀ ਸੰਭਾਵਨਾ ਹੈ?

ਬੱਚੇ ਨੂੰ ਇਕੱਲਾ ਛੱਡੇ ਜਾਣ ਬਾਰੇ ਮੁਕਾਬਲਾ ਕੀਤੇ ਜਾਣ ਤੇ ਮਾਤਾ ਜਾਂ ਪਿਤਾ ਦੀ ਕੀ ਪ੍ਰਤੀਕਿਰਿਆ ਹੈ?

ਕੀ ਮਾਤਾ ਜਾਂ ਪਿਤਾ ਉਨ੍ਹਾਂ ਖਤਰਿਆਂ ਨੂੰ ਸਮਝਦੇ ਹਨ ਜੋ ਉਨ੍ਹਾਂ ਦੇ ਕਾਰਜ ਬੱਚੇ ਦੀ ਸਿਹਤ ਅਤੇ ਸੁਰੱਖਿਆ ਲਈ ਪੈਦਾ ਕਰਦੇ ਹਨ?

ਬੱਚੇ ਨੂੰ ਕਿੰਨੀ ਦੇਰ ਲਈ ਨਿਗਰਾਨੀ ਤੋਂ ਬਿਨਾਂ ਛੱਡਿਆ ਗਿਆ ਸੀ?

ਜੇ ਗੁਆਂਢੀਆਂ ਨੂੰ ਪੱਕਾ ਪਤਾ ਹੈ ਕਿ ਇੱਕ ਬੱਚੇ ਨੂੰ ਨਿਗਰਾਨੀ ਤੋਂ ਬਿਨਾਂ ਛੱਡਿਆ ਗਿਆ ਹੈ ਤਾਂ ਉਨ੍ਹਾਂ ਨੂੰ ਤੁਰੰਤ ਸਹਾਇਤਾ ਲਈ ਫੋਨ ਕਰਨਾ ਚਾਹੀਦਾ ਹੈ। ਉਹ ਸਾਡੇ ਨਾਲ ਜਾਂ ਉਨ੍ਹਾਂ ਦੀ ਸਥਾਨਕ ਸੀਏਐਸ (CAS) ਨਾਲ ਸੰਪਰਕ ਕਰ ਸਕਦੇ ਹਨ। ਜੇ ਜਿਆਦਾ ਜੋਖਮ ਵਾਲੀ ਸਥਿਤੀ ਹੈ, ਜਿਵੇਂ ਕਿ ਛੋਟੇ ਬੱਚੇ ਨੂੰ ਬੈਲਕਨੀ ਤੇ ਦੇਖਿਆ ਗਿਆ ਹੈ, ਤਾਂ ਅਸੀਂ ਪੁਲਿਸ ਨੂੰ ਬੁਲਾਵਾਂਗੇ ਅਤੇ ਉਹ ਤੁਰੰਤ ਹੀ ਕਾਰ ਭੇਜਣਗੇ। ਜੇ ਗੁਆਂਢੀਆਂ ਨੂੰ ਸ਼ੱਕ ਹੈ ਕਿ ਇੱਕ ਬੱਚੇ ਨੂੰ ਇਕੱਲੇ ਛੱਡਿਆ ਗਿਆ ਹੈ, ਜਾਂ ਉਹ ਸਿਰ 'ਤੇ ਆਏ ਖਤਰੇ ਵਿੱਚ ਹੈ, ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਸਥਾਨਕ ਸੀਏਐਸ (CAS) ਜਾਂ ਪੁਲਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਬੱਚੇ ਦੀ ਨਿਗਰਾਨੀ ਜਾਂ ਉਸ ਦੀ ਕਮੀ ਤੋਂ ਉਲਟ, ਭਟਕਣਾ ਇਤਫਾਕ ਨਾਲ ਹੁੰਦਾ ਹੈ, ਆਮ ਤੌਰ ਤੇ ਉਸ ਵੇਲੇ ਜਦੋਂ ਬੱਚੇ ਮਾਤਾ-ਪਿਤਾ ਦੀ ਸਤਰਕ ਨਜਰ ਤੋਂ ਬੱਚ ਨਿਕਲਦੇ ਹਨ ਜਾਂ ਮਾਤਾ-ਪਿਤਾ ਧਿਆਨ ਨਹੀਂ ਦਿੰਦੇ। ਇੱਕ ਮਾਤਾ ਜਾਂ ਪਿਤਾ ਨੂੰ ਨੀਂਦ ਆ ਸਕਦੀ ਹੈ, ਅਤੇ ਇੱਕ ਦਰਵਾਜ਼ਾ ਜਾਂ ਖਿੜਕੀ ਅਜਿਹੇ ਬੱਚੇ ਲਈ ਪਹੁੰਚਯੋਗ ਹੋ ਸਕਦਾ ਹੈ ਜੋ ਰਿੜ੍ਹ ਕੇ ਜਾਂ ਤੁਰ ਕੇ ਆਪਣੇ ਆਪ ਨੂੰ ਇੱਕ ਖਤਰਨਾਕ ਸਥਿਤੀ ਵਿੱਚ ਪਾਉਣ ਦੇ ਕਾਬਲ ਹੈ।

ਪੰਜ ਸਾਲ ਦੀ ਕੁੜੀ ਦਾ ਇੱਕ ਕੇਸ ਸੀ, ਜਿਹੜੀ ਉਸਦੇ ਅਪਾਰਟਮੈਂਟ ਦੇ ਕੰਪਲੈਕਸ ਵਿੱਚ ਭਟਕਦੀ ਹੋਈ ਪਾਈ ਗਈ ਸੀ। ਉਸਦੀ ਮਾਂ ਨੇ ਕੋਈ ਦਵਾਈ ਲਈ ਅਤੇ ਉਸ ਨੂੰ ਨੀਂਦ ਆ ਗਈ। ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਬੱਚਿਆਂ ਦੀ ਦੇਖਭਾਲ ਕਰਦੇ ਹੋਏ ਹਮੇਸ਼ਾ ਚੌਕੰਨੇ ਰਹਿਣਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਕੋਈ ਨਵੀਂ ਦਵਾਈ ਲੈਣ ਵੇਲੇ ਵੀ ਸਚੇਤ ਰਹਿਣਾ ਚਾਹੀਦਾ ਹੈ ਅਤੇ ਬੁਰੇ ਪ੍ਰਭਾਵਾਂ ਜਿਵੇਂ ਕਿ ਸੁਸਤੀ ਬਾਰੇ ਧਿਆਨ ਰੱਖਣਾ ਚਾਹੀਦਾ ਹੈ। ਜੇ ਮਾਤਾ ਜਾਂ ਪਿਤਾ ਬੀਮਾਰ, ਜਾਂ ਸੁਸਤ ਮਹਿਸੂਸ ਕਰ ਰਿਹਾ ਹੈ, ਤਾਂ ਉਨ੍ਹਾਂ ਨੂੰ ਸਮੇਂ ਦੀ ਛੋਟੀ ਮਿਆਦ ਲਈ ਬੱਚੇ ਦੀ ਨਿਗਰਾਨੀ ਕਰਨ ਵਾਸਤੇ ਕਿਸੇ ਦੋਸਤ ਨੂੰ ਬੁਲਾਉਣਾ ਚਾਹੀਦਾ ਹੈ।

ਬੱਚਿਆਂ ਦੀ ਦੇਖਭਾਲ ਲਈ ਕਿਸੇ ਨੂੰ ਪੈਸੇ ਦੇਕੇ ਬੁਲਾਉਣਾ (Babysitting) ਬੱਚਿਆਂ ਨੂੰ ਇਕੱਲੇ ਛੱਡਣ ਦਾ ਬਹੁਤ ਪੁਰਾਣਾ ਵਿਕਲਪ ਹੈ। ਹਾਲਾਂਕਿ ਕਾਨੂੰਨ ਇਹ ਨਿਯਤ ਨਹੀਂ ਕਰਦਾ ਕਿ ਕਦੋਂ ਇੱਕ ਛੋਟਾ ਵਿਅਕਤੀ ਬੱਚੇ ਦੀ ਦੇਖਭਾਲ (baby sit) ਕਰਨ ਲਈ ਕਾਫੀ ਉਮਰ ਦਾ ਹੈ, ਮਾਤਾ-ਪਿਤਾ ਅਨੁਭਵ, ਹਵਾਲਿਆਂ ਅਤੇ ਸਿਖਲਾਈ ਵਾਲੇ ਲੋਕਾਂ ਨੂੰ ਕੰਮ ਤੇ ਰੱਖ ਕੇ ਉਨ੍ਹਾਂ ਦੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੇ ਹਨ। ਸੇਂਟ ਜੌਨਜ਼ ਵਰਗੀਆਂ ਸੇਵਾਵਾਂ, ਬੇਬੀ ਸਿਟਿੰਗ ਕੋਰਸ ਸਿਖਾਉਂਦੀਆਂ ਹਨ, ਜਿਸ ਵਿੱਚ ਮੁਢਲੀ ਦੇਖਭਾਲ ਅਤੇ ਐਮਰਜੈਂਸੀ ਬਿਧੀਆਂ ਸ਼ਾਮਲ ਹਨ।

ਮਾਤਾ-ਪਿਤਾ ਡੇਕੇਅਰ ਪ੍ਰਦਾਤਾ ਲੱਭਣ ਵੇਲੇ ਸਮਾਜਕ ਸੇਵਾਵਾਂ ਕੋਲੋਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਸਥਾਨਕ ਸਕੂਲ ਇੱਕ ਚੰਗਾ ਸ੍ਰੋਤ ਹਨ, ਸੈਕਟਰੀਆਂ ਉਨ੍ਹਾਂ ਸਾਰੀਆਂ ਸਥਾਨਕ ਮਾਵਾਂ ਨੂੰ ਜਾਣਦੀਆਂ ਹਨ ਜਿਹੜੀਆਂ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਮਾਤਾ-ਪਿਤਾ ਨੂੰ ਕਿਸੇ ਜ਼ਿੰਮੇਵਾਰ ਵਿਅਕਤੀ ਨੂੰ ਲੱਭਣ ਦੀ ਲੋੜ ਹੈ, ਜਿਸ ਨੂੰ ਪਤਾ ਹੋਏ ਕਿ ਸਾਰੀਆਂ ਸਥਿਤੀਆਂ ਅਤੇ ਸਿਹਤ ਸੰਬੰਧੀ ਚਿੰਤਾਵਾਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਨੀ ਹੈ।

ਬੱਚਿਆਂ ਨੂੰ ਪਹਿਲੀ ਵਾਰੀ ਇਕੱਲੇ ਛੱਡਣਾ ਮਾਤਾ-ਪਿਤਾ ਅਤੇ ਬੱਚਿਆਂ ਦੋਵਾਂ ਲਈ ਬਿਹਬਲ ਕਰਨ ਵਾਲਾ ਹੋ ਸਕਦਾ ਹੈ। ਇਹ ਜਾਣਨਾ ਕਿ ਬੱਚੇ ਇਸ ਜਿੰਮੇਵਾਰੀ ਲਈ ਭਾਵਾਤਮਕ ਰੂਪ ਨਾਲ ਕਦੋਂ ਤਿਆਰ ਹਨ ,ਅਤੇ ਸੁਰੱਖਿਆ ਸੰਬੰਧੀ ਰਣਨੀਤੀਆਂ ਤਿਆਰ ਕਰਨਾ, ਸਭ ਮਹੱਤਵਪੂਰਨ ਯੋਜਨਾਬੰਧੀ ਦਾ ਹਿੱਸਾ ਹੈ।